ੴ ਸਤਿ ਗੁਰਪ੍ਰਸਾਦਿ ॥

# ਖਾਲਸਾ ਪੰਥ ਦੇ ਦੱਸ ਲਾਜ਼ਮੀ ਪ੍ਰਮੁਖ ਸਿਧਾਂਤ

# ੩੧੫ਵੀਂ ਵਰੇ ਗੰਢ

## ਖਾਲਸਾ ਪੰਥ ਦੀ ਸੰਪੂਰਣਤਾ ਦੀ

ਦੇ ਪੁਨੀਤ ਅਵਸਰ ਤੇ ਆਪ ਜੀ ਨੂੰ

ਹਾਰਦਿਕ ਵਧਾਈ ! ! !

ਜਬ ਲਗ ਖ਼ਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤਿ॥
ਮੈਂ ਨ ਕਰੋਂ ਇਨ ਕੀ ਪ੍ਰਤੀਤਿ॥

ਪ੍ਰਕਾਸ਼ਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟ੍ਰਸਟ, ਚੰਡੀਗੜ

ਲੇਖਕ-ਜਸਵੀਰ ਸਿੰਘ Ph. : (0172-2696891), 09988160484

Download Free

# ੴ ਸਤਿ ਗੁਰਪ੍ਰਸਾਦਿ ॥

ਖਾਲਸਾ ਪੰਥ ਦੇ ਬਾਨੀ (ਮੋਢੀ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਦੇ ਕਲਿਆਣ ਲਈ ਵਿਸ਼ੇਸ਼ ਘਾਲਣਾ ਘਾਲੀ ਅਤੇ ਸਭ ਤੋਂ ਪਹਿਲਾਂ ਨਾਰਾ ਬੁਲੰਦ ਕੀਤਾ ਕਿ'ਨਾ ਕੋਈ ਹਿੰਦੂ ਨਾ ਮੁਸਲਮਾਣ'ਜਿਸ ਦਾ ਮੂਲ ਰੂਪ ਵਿੱਚ ਅਰਥ ਸੀ ਕਿ ਸਾਰੀ ਮਾਨਵ ਜਾਤੀ ਇਕ ਪਿਤਾ ਪਰਮੇਸਰ ਦੀ ਸੰਤਾਨ ਹੈ। ਭਾਵ 'ਏਕ ਪਿਤਾ ਏਕਸ ਕੇ ਹਮ ਬਾਰਿਕ'। ਗੁਰਦੇਵ ਜੀ ਨੇ ਇਹ ਅਨੁਭਵ ਕੀਤਾ ਕਿ ਜਨ-ਸਾਧਰਣ ਦੇ ਦੁੱਖਾਂ ਦਾ ਮੂਲ ਕਾਰਣ ਅਗਿਆਨਤਾ,ਗੁਲਾਮੀ,ਆਰਥਿਕ ਕਮਜੋਰੀ ਅਤੇ ਜ਼ਾਤਿ-ਪਾਤਿ ਆਦਿ ਹੈ।ਐਸਾ ਆਦਰਸ਼ ਸਮਾਜ ਬਨਾਉਣ ਲਈ ਜੀਵਨ ਵਿੱਚ ਮੂਲ-ਭੂਤ ਪਰਿਵਰਤਨ ਜ਼ਰੂਰੀ ਸਮਝਦਿਆਂ ਹੋਇਆਂ ਇਕ ਮਜ਼ਬੂਤ,ਸਵਤੰਤਰ ਅਤੇ ਸਵੈ - ਵਿਅਕਤਿਤਵ ਵਾਲੇ ਮਨੁੱਖ ਦੀ ਕਲਪਨਾ ਕੀਤੀ ਜੋ ਕਿ ਹਮੇਸ਼ਾਂ ਨਿਰ-ਸਵਾਰਥ ਹੋਕੇ ਲੋਕ-ਕਲਿਆਣ ਲਈ ਕੰਮ ਕਰੇ।ਇਸ ਤਰ੍ਹਾਂ ਦੇ ਹੱਲ ਲਈ ਉਨ੍ਹਾਂ ਨੇ ਉਸ ਸਮੇਂ ਦੇ ਜ਼ਾਲਮ ਸ਼ਾਸਕਾਂ, ਸਮਾਜ ਦੇ ਤੰਗ ਵਿਚਾਰਧਾਰਾ ਵਾਲੇ ਸਵਾਰਥੀ ਅਤੇ ਕਪਟੀ ਲੋਕਾਂ ਨਾਲ ਲੋਹਾ ਲੈਣ ਦੀ ਠਾਣ ਲਈ।ਗੁਰੂ ਜੀ ਨੇ ਵਿਚਾਰ ਦਿੱਤਾ ਕਿ ਸੱਤਾਧਾਰੀ ਨੂੰ ਧਰਮੀ ਪੁਰਖ ਹੋਣਾ ਚਾਹੀਦਾ ਹੈ ਨਹੀ ਤਾਂ ਸੱਤਾ ਨੂੰ ਧਰਮੀ-ਮਨੁੱਖਾਂ ਦੇ ਹੱਥ ਵਿੱਚ ਦਿੱਤਾ ਜਾਣਾ ਚਾਹੀਦਾ ਹੈ, ਇਸ ਤੋਂ ਬਿਨਾਂ ਆਦਰਸ਼ ਸਮਾਜ ਦੀ ਕਲਪਣਾ ਵਿਆਰਥ ਹੈ।ਉਨ੍ਹਾਂ ਨੇ ਇਸ ਉਦੇਸ਼ ਦੀ ਪ੍ਰਾਪਤੀ ਲਈ ਸੰਤ-ਸਿਪਹੀ ਅਤੇ ਮੀਰੀ-ਪੀਰੀ ਦੀ ਨਵੀਂ ਆਦਰਸ਼ ਪ੍ਰਣਾਲੀ ਦੀ ਸ਼ੁਰੂਆਤ ਕੀਤੀ।ਜਿਸ ਨਾਲ ਸ਼ੋਸ਼ਿਤ ਵਰਗ ਨੂੰ ਉਸ ਦੇ ਮੂਲ-ਮਾਨਵੀ ਅਧਿਕਾਰ ਦਿਵਾਏ ਜਾ ਸਕਣ ਅਤੇ ਸਮਾਜ ਵਿੱਚ ਕਿਸੇ ਵਿਅਕਤੀ ਦੇ ਨਾਲ ਰੰਗ,ਨਸਲ,ਧਰਮ,ਜਾਤੀ,ਭਾਸ਼ਾ,ਲਿੰਗ,ਅਮੀਰੀ-ਗਰੀਬੀ ਅਤੇ ਮਾਲਿਕ-ਨੌਕਰ ਦੇ ਆਧਾਰ ਤੇ ਕੋਈ ਵੀ ਭੇਦ-ਭਾਵ ਨਾ ਕੀਤਾ ਜਾ ਸਕੇ।ਸਮਾਜ ਦੇ ਸਾਰੇ ਵਰਗਾਂ ਨੂੰ ਹਰ ਪੱਖ ਤੋਂ ਸਮਾਨਤਾ ਦਿਵਾਉਣਾ ਅਤੇ ਮਾਨਵ ਸਮਾਜ ਨੂੰ ਇੱਕ ਸੂਤਰ ਵਿੱਚ ਬੰਨ੍ਹਣਾ ਗੁਰੂ ਜੀ ਦਾ ਮੁੱਖ ਉਦੇਸ਼ ਸੀ।ਜਿਸ ਨਾਲ ਇਕ ਨਵੇਂ ਵਰਗਹੀਣ ਸਮਾਜ ਦੀ ਉਤਪਤੀ ਹੋ ਸਕੇ,ਭਾਵ ਸਾਰੀ ਮਨੁੱਖੀ ਜ਼ਾਤੀ ਦਾ ਕਲਿਆਣ ਹੋਵੇ।ਗੁਰੂ ਜੀ ਦੇ ਸ਼ਬਦਾਂ ਵਿੱਚ "ਸਰਬੱਤ ਦਾ ਭਲਾ"।ਭਾਵ ਕਿ ਉੱਚ - ਆਚਰਣ ਵਾਲੇ ਮਨੁੱਖ ਜੋ ਸਦਾ ਸਮਾਜ-ਕਲਿਆਣ ਦੇ ਲਈ ਕੰਮ ਕਰਦੇ ਰਹਿਣ ਤਾਂ ਕਿ ਸਮਾਜ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕੇ।ਇਸ ਨੂੰ ਸਾਕਾਰ ਰੂਪ ਦੇਣ ਲਈ ਉਨ੍ਹਾਂ ਨੇ ਕ੍ਰਾਂਤੀਕਾਰੀ ਆਦੇਸ਼ ਦਿੱਤੇ ਜਿਸ ਨਾਲ ਇੱਕ ਚਰਿਤਰਵਾਨ ਸਮਾਜ ਦੀ ਸਥਾਪਨਾ ਹੋ ਸਕੇ ਤਾਂਕਿ ਉਹ ਅਗੱਮੀ ਸਹਾਸੀ ਸਮਾਜ ਦੀ ਸਥਾਪਨਾ ਕਰਣ ਦੇ ਵਿੱਚ ਸਫਲ ਹੋਵਣ ਜਿਸ ਨਾਲ ਮਨੁੱਖੀ ਸਮਾਜ ਦਾ ਕਲਿਆਣ ਹੋ ਸਕੇ ਅਤੇ ਸਮਾਜ ਵਿੱਚੋਂ ਭੇਦ ਭਾਵ ਖਤਮ ਹੋਵੇ ।

ਅਕਤੂਬਰ 1708 ਈ: ਨੂੰ ਨਾਦੇੜ ਨਗਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸੰਦੇਸ ਜਾਰੀ ਕੀਤਾ ਕਿ ਹੁਣ ਸਾਡਾ ਅੰਤਿਮ ਸ਼ਮਾ ਨਿਕਟ ਆ ਗਿਆ ਹੈ ਅਤੇ ਉਹ ਸੱਚ ਖੰਡ ਗਮਨ ਦੀ ਤਿਆਰੀ ਕਰ ਰਹੇ ਹਨ ।ਇਸ ਤੇ ਨਿਕਟ ਵਰਤੀ ਸਿੱਖਾਂ ਨੇ ਗੁਰੂ ਪਰੰਪਰਾ ਨੂੰ ਅਗੋਂ ਚਲਾਣ ਦੇ ਸੰਬੰਧ ਵਿੱਚ ਪ੍ਰਸਨ ਪੁੱਛੇ ? ਉਸ ਸਮੇਂ ਗੁਰਦੇਵ ਜੀ ਨੇ ਸੋਕਾਕੁਲ ਸੰਗਤ ਨੂੰ ਧੀਰਜ ਦੇਦੇਂ ਹੋਏ ਸਮਝਾਇਆ ਕਿ ਜਿਸ ਤਰ੍ਹਾਂ ਮਨੁੱਖ ਦੀ ਮੌਤ ਉਪਰੰਤ ਓਸੁ ਦੀ ਆਤਮਾ ਬਣੀ ਰਹਿੰਦੀ ਹੈ ਉਸ ਤਰ੍ਹਾਂ ਹੀ

ਗੁਰੂਜਨਾਂ ਦੇ ਮਾਤ ਲੋਕ ਤਿਆਗਣ ਤੋਂ ਬਾਦ ਵੀ ਉਨ੍ਹਾਂ ਦੀ ਆਤਮਾ ਦੇ ਰੂਪ ਵਿੱਚ ਤੁਹਾਡੇ ਪਾਸ ਆਦਿ ਗ੍ਰਥੰ ਦੀ ਪਾਵਨ ਬਾਣੀ ਵਿੱਧਮਾਨ ਹੈ।ਭਵਿੱਖ ਵਿੱਚ ਖਾਲਸਾ ਪੰਥ ਨੂੰ ਊਸੀ ਬਾਣੀ ਰਾਂਹੀ ਦਿਸਾ ਨਿਰਦੇਸ ਪ੍ਰਾਪਤ ਕਰਨੇ ਹਨ ਅਤੇ ਸ਼ਬਦ ਰੂਪ ਵਿੱਚ ਹੀ ਗੁਰੂ ਨੂੰ ਪਹਿਚਾਨੱਣਾ ਹੈ ।ਇਸ ਲਈ ਆਪ ਜੀ ਨੇ ਉਸੀ ਸਮੇ ਦਮਦਮੇ ਵਾਲੀ ਆਦਿ ਗ੍ਰੰਥ ਜੀ ਦੀ (ਪੋਥੀ) ਜਿਸ ਵਿੱਚ ਨੋਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਬਾਣੀ ਸਮੱਲਿਤ ਕਰਵਾ ਲਈ ਗਈ ਸੀ,ਦਾ ਪ੍ਰਕਾਸ਼ ਕਰਣੇ ਦਾ ਹੁਕਮ ਦਿੱਤਾ। ਗੁਰੂ ਜੀ ਨੇ ਅਪਣੇ ਆਪ ਆਦਿ ਗ੍ਰੰਥ ਦੇ ਸਨਮੁੱਖ ਖੜੇ ਹੋਕੇ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਅਰਦਾਸ ਕੀਤੀ ਅਤੇ ਗ੍ਰੰਥ ਸਾਹਿਬ ਨੂੰ ਡੰਡਵਤ ਪ੍ਰਣਾਮ ( ਲੰਮੇ ਪੈਕੇ ਮਥੱਾ ਟੇਕਿਆ ) ਕੀਤਾ।ਉਪਰੰਤ ਗੁਰੂ ਪਰੰਪਰਾ ਅਨੁਸਾਰ ਗ੍ਰੰਥ ਸਾਹਿਬ ਦੀਆਂ ਚਾਰ ਪਰਿਕਰਮਾ ਕੀਤੀਆਂ ਅਤੇ ਕੁਛ ਖਾਸ ਸਮਗਰੀ ਇੱਕ ਥਾਲੀ ਵਿੱਚ ਰੱਖ ਕੇ ਗ੍ਰੰਥ ਸਾਹਿਬ ਨੂੰ ਭੇਟ ਕੀਤਾ ਇਸ ਤਰ੍ਹਾਂ ਸਾਰੀ ਮਰਿਆਦਾ ਗੁਰਮਤਿ ਅਨੁਸਾਰ ਸੰਪੂਰਣ ਕਰਦੇ ਹੋਏ ਉਨ੍ਹਾਂ ਗੁਰੂ ਪਦਵੀ ਆਦਿ ਗ੍ਰੰਥ ਸਾਹਿਬ ਨੂੰ ਦੇ ਦਿੱਤੀ ਇਸ ਪਰਕਾਰ ਆਦਿ ਗ੍ਰੰਥ ਨੂੰ ਗੁਰੂ ਪਦਵੀ ਨਾਲ ਅਲੰਕ੍ਰਿਤ ਕਰਕੇ ਸਨਮਾਨਿਤ ਕੀਤਾ ਅਤੇ ਹੁਕਮ ਕੀਤਾ ਅੱਜ ਤੋਂ ਬਾਦ ਦੇਹ ਧਾਰੀ ਗੁਰੂ ਪਰੰਪਰਾ ਸਮਾਪਤ ਕੀਤੀ ਜਾਂਦੀ ਹੈ ! ਇਸ ਤੇ ਸਿੱਖਾਂ ਨੇ ਗੁਰਦੇਵ ਜੀ ਤੇ ਪ੍ਰਸ਼ਨ ਕੀਤਾ ਕਿ ਆਪ ਜੀ ਦੇ ਦਰਸਨਾ ਦੀ ਅਭਿਲਾਸਾ ਹੋਵੇ ਤਾਂ ਕਿਸ ਤਰ੍ਹਾਂ ਕੀਤੇ ਜਾਵਣ ? ਗੁਰਦੇਵ ਜੀ ਨੇ ਸ਼ਪਸ਼ਟ ਕੀਤਾ ਕਿ ਮੇਰੀ ਆਤਮਾ ਗ੍ਰੰਥ ਸਾਹਿਬ ਵਿੱਚ ਅਤੇ ਸਰੀਰ ਪੰਥ ਵਿੱਧਮਾਨ ਰਹੇਗਾ ਕਿੰਤੂ ਸਿੱਖਾਂ ਨੇ ਕੁਝ ਹੋਰ ਵਿਸਤਾਰ ਨਾਲ ਜਾਣਕਾਰੀ ਪ੍ਰਾਪਤ ਕਰਣ ਲਈ ਬਹੁਤ ਸਾਰੇ ਪ੍ਰਸ਼ਨ ਕੀਤੇ।ਇੱਕ ਸਿੱਖ ਨੇ ਪ੍ਰਸ਼ਨ ਕੀਤਾ ਕਿ ਹਰ ਸ਼ਮੇ ਪੰਥ ਦੇ ਦਰਸ਼ਨ ਕਰ ਪਾਣਾ ਕਠਿਨ ਕਾਰਜ ਹੈ ਕਿਉਂਕਿ ਮੁਸਕਿਲਾਂ ਵਿੱਚ ਖਾਲਸੇ ਦਾ ਮਿਲ ਬੈਠਪਾਣਾ ਸੰਭਵ ਨਹੀ ਲਗਦਾ ਐਸੀ ਦਸ਼ਾ ਵਿੱਚ ਆਪ ਜੀ ਦੇ ਦਰਸ਼ਨ (ਦਿਦਾਰ) ਕਿਸ ਤਰ੍ਹਾਂ ਸੰਭਵ ਹੋਣਗੇ ?

ਗੁਰਦੇਵ ਜੀ ਨੇ ਹੱਲ ਦੱਸਦਿਆਂ ਹੋਇਆਂ ਕਿਹਾ ਕਿ ਔਖੇ ਵੇ਼ਲੇ ਸਿਰਫ ਪੰਜ ਪਿਆਰਿਆਂ ਦੇ ਦਰਸ਼ਨ ਮੇਰੇ ਦਰਸ਼ਨ ਹੋਣਗੇ ਜੇਕਰ ਇਸ ਤਰ੍ਹਾਂ ਸੰਭਵ ਨਾ ਹੋ ਸਕੇ ਤਾਂ ਫਿਰ ਖੁਦ ਸ਼ਸਤਰ ਸਜਾ ਕੇ ਤਿਆਰ-ਬਰ-ਤਿਆਰ ਹੋ ਕੇ ਸੀਸ਼ੇ ਵਿੱਚ ਅਪਣਾ ਚਿਹਰਾ ਨਿਹਾਰਨਾ ਮੇਰੇ ਦਰਸ਼ਣ ਹੋਣਗੇ।ਜੇਕਰ ਕਿਸੀ ਕਾਰਣਵਸ ਸਾਡੀ ਜ਼ਰੁਰਤ ਪਵੇ ਤਾਂ ਮੇਰੀ ਥਾਂ ਤੇ ਪੰਜ ਤਿਆਰ-ਬਰ-ਤਿਆਰ ਸਿੱਖ,ਪੰਜ ਪਿਆਰਿਆਂ ਦੇ ਰੂਪ ਵਿੱਚ ਮੇਰੀ ਅਗਵਾਈ ਕਰਣਗੇ।ਉਸੀ ਵਕਤ ਫਿਰ ਇੱਕ ਹੋਰ ਸਿੱਖ ਨੇ ਬੇਨਤੀ ਕੀਤੀ ਕਿ ਹੇ ਗੁਰਦੇਵ ! ਸਾਨੂੰ ਆਪਜੀ ਇਕ ਖਾਸ ਜੀਵਨ ਜਾਂਚ ਤੋਂ ਅਵੱਗਤ ਕਰਾ ਦਿਓ ਜਿਸ ਤੇ ਅਮਲ ਕਰਣ ਨਾਲ ਅਸੀ ਸਾਰੇ ਆਪਜੀ ਦੇ ਹੁਕਮ ਮੁਤਾਬਿਕ ਆਪਣਾ ਨਿਆਰਾ ਪਨ ਸਦਾਂ ਲਈ ਬਣਾ ਕੇ ਰੱਖ ਸਕੀਏ।ਉੱਤਰ ਵਿੱਚ ਗੁਰਦੇਵ ਜੀ ਨੇ ਕਿਹਾ ਕਿ ਖਾਲਸਾ ਪੰਥ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਥ ਹੈ।ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੇ ਸਾਰੇ ਪਰਚਾਰ ਦੋਰਿਆਂ ਵਿੱਚ ਤਿੰਨ ਨੁਕਾਤੀ ਸਿਧਾਂਤ ਮਨੁੰਖੀ ਸਮਾਜ ਦੇ ਸਨਮੁਖ ਪੇਸ਼ ਕੀਤੇ ਸਨ,ਉਹ ਸਿਧਾਂਤ ਮੁਢਲੇ ਸਿਧਾਂਤ ਹਨ।ਉਸ ਤੋਂ ਬਾਦ ਅਗਲੇ ਗੁਰੂਜਨਾਂ ਨੇ ਜੋ ਤਿੰਨ ਸਿਧਾਂਤ ਦ੍ਰਿਢ ਕਰਾਏ ਹਨ,ਉਹ ਖਾਲਸਾ ਪੰਥ ਦੀ ਏਕਤਾ ਲਈ ਹਨ ਅਤੇ ਚਾਰ ਸੋਹਾਂ (ਕਸਮਾਂ) ਜੋ ਅੰਮ੍ਰਿਤ ਪਾਨ ਕਰਣ ਸਮੇਂ ਦ੍ਰਿਢ ਕਰਵਾਈਆਂ ਜਾਂਦੀਆਂ ਹਨ ਉਹ ਖਾਲਸਾ ਪੰਥ ਦੇ ਨਿਆਰੇ ਪਨ ਲਈ ਬਹੁਤ ਜ਼ਰੂਰੀ ਹਨ।ਉਨ੍ਹਾਂ ਨੇ ਹੋਰ ਪ੍ਰਸਨਾਂ ਦੇ ਉੱਤਰ ਵਿੱਚ ਆਖਿਆ ਕਿ ਸ੍ਰੀ ਗੁਰੂ ਗ੍ਰੰਥ

ਜੀ ਦੀ ਬਾਣੀ ਖਾਲਸਾ ਪੰਥ ਦਾ ਸੰਵਿਧਾਨ ਹੈ,ਇਸ ਦੇ ਵਿੱਚ ਜੀਵਨ ਦੇ ਹਰ ਖੇਤਰ (ਵਿਸ਼ੇ) ਤੇ ਵਿਸਤਾਰ ਨਾਲ ਮਾਰਗ ਦਰਸ਼ਨ ਕੀਤਾ ਗਿਆ ਹੈ ਅਤੇ ਇਹ ਗੁਰਮਤਿ ਸਿਧਾਂਤਾਂ ਦਾ ਵਿਸ਼ਾਲ ਭੰਡਾਰ ਹੈ। ਇਸ ਲਈ ਇਸ ਵਿੱਚ ਰਾਜਨਿਤੀਕ, ਆਰਥਿਕ, ਸਮਾਜਿਕ, ਵਿਗਿਆਨਿਕ ਅਤੇ ਅਧਿਆਤਮਿਕ ਆਦਿ ਜੀਵਨ ਦੇ ਅਲਗ-ਅਲਗ ਸਰਵਮਾਨਯ ਸਤਿ ਤੱਥ ਪ੍ਰਸਤੁਤ ਕੀਤੇ ਗਏ ਹਨ। ਇਨ੍ਹਾਂ ਤੇ ਅਮਲ ਕਰਕੇ ਖਾਲਸਾ ਪੰਥ ਸਰਵਸ੍ਰੇਸ਼ਟ ਮਨੁੱਖੀ ਸਮਾਜ ਬਣ ਸਕਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਦਰਸਾਏ ਗਏ ਸਿਧਾਂਤਾਂ ਤੇ ਅਮਲ ਕਰਨਾ ਹੈ ।ਅਤੇ ਗੁਰਦੇਵ ਜੀ ਨੇ ਹੁਕਮ ਕੀਤਾ ਕਿ ਦੱਸ ਲਾਜ਼ਮੀ ਸਿਧਾਂਤ ਖਾਲਸੇ ਨੂੰ ਏਕਤਾ ਦੇ ਸੂਤਰ ਵਿੱਚ ਪਰੋਣਗੇ। ਇਸ ਪਰਕਾਰ ਉਨ੍ਹਾਂ ਦਾ ਨਿਆਰਾਪਨ ਸਦਾਂ ਲਈ ਜਿਉਂ ਦਾ ਤਿਉਂ ਬਣਿਆ ਰਹੇਗਾ। ਇਸ ਤਰ੍ਹਾਂ ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਓਟ ਕਦੇ ਵੀ ਨਹੀ ਤਿਆਗਣ ਗੇ । ਇਸ ਹੁਕਮ ਨਾਲ ਕ੍ਰਾਂਤੀਕਾਰੀ ਜਗਤ ਗੁਰੂ ਨਾਨਕ ਦੇਵ ਜੀ ਦੀ ਵਿਚਾਰ ਧਾਰਾ ਨੂੰ ਸੰਮਪੁਰਣਤਾ ਪ੍ਰਾਪਤ ਹੋਈ ।ਖਾਲਸੇ ਪੰਥ ਦੀ ਕਲਪਨਾ ਸਿਰਜਨਾਂ ਅਤੇ ਸੰਪੂਰਣਤਾ ਦੇ ਪਰਾਰੂਪ ਨੂੰ ਤਿਆਰ ਕਰਣ ਵਿੱਚ ਸਾਰੇ ਗੁਰੂ ਸਾਹਿਬਾਨਾਂ ਨੂੰ 239 ਸਾਲਾਂ ਦਾ ਸਮਾ ਲਗਿਆ ।

ਗੁਰੂ ਸਾਹਿਬਾਨਾਂ ਨੇ ਖਾਲਸਾ ਪੰਥ ਲਈ ਦਸ ਸਿਧਾਂਤ ਲਾਣਮੀ ਕੀਤੇ । ਜੋ ਇਸ ਤਰਾਂ ਹਨ।

(1) ਕਿਰਤ ਕਰੋ (2) ਨਾਮ ਜਪੋ (3) ਵੰਡ ਛਕੋ (4) ਪੂਜਾ ਅਕਾਲ ਕੀ (5) ਪਰਚਾ ਸ਼ਬਦ ਕਾ (6) ਦੀਦਾਰ ਖਾਲਸੇ ਕਾ (7) ਕੇਸ (ਰੋਮ,ਵਾਲ) ਦਾ ਅਪਮਾਨ ਨਹੀ ਕਰਨਾ (8) ਕੁਠੱਾ ਮਾਸ (ਮੁਸਲਮਾਨੀ ਤਰੀਕੇ ਨਾਲ ਤਈਆਰ ਕੀਤਾ ) ਨਹੀਂ ਵਰਤਣਾ (9) ਪਰਾਈ ਇਸਤਰੀ ਜਾਂ ਪਰਾਏ ਪੁਰਸ਼ ਦਾ ਭੋਗ (ਸੰਗ) ਨਹੀਂ ਕਰਨਾ (10) ਤੰਬਾਕੂ ਦਾ ਸੇਵਨ ਨਹੀਂ ਕਰਣਾ ।

ਉਪਰੋਕਤ ਦੱਸ ਸਿਧਾਂਤਾਂ ਵਿੱਚੋਂ ਪਹਿਲੇ ਛੇ ਸਿਧਾਂਤਾਂ ਤੇ ਪਹਿਰਾ ਦੇਣਾਂ ਹੈ ਅਰਥਾਤ ਇਹਨਾਂ ਤੇ ਅਮਲ ਕਰਨਾ ਹੈ ।ਬਾਕੀ ਚਾਰ ਅਖੀਰਲੇ ਸਿਧਾਂਤ ਨਕਾਰਾਤਮਕ ਹਨ। ਇਨ੍ਹਾਂ ਤੋਂ ਜੀਵਨ ਭਰ ਪਰਹੇਜਗਾਰ ਰਹਿਣਾ ਹੈ। ਅਰਥਾਤ ਸਿੱਖਾਂ ਨੂੰ ਚੇਤਾਵਨੀ ਹੈ ਕਿ ਇਹ ਭਇੰਕਰ ਭੁਲਾਂ ਨਾਲ ਜੀਵਨ ਨੂੰ ਕਦ ਵੀਂ ਦਾਗੀ ਨਹੀ ਕਰਣਾਂ। ਇਨ੍ਹਾਂ ਵਿੱਚੋ ਇਕ ਭੁਲ ਵੀ ਮਨੁੱਖ ਨੂੰ ਪਤਿਤ ਕਰ ਦੇਂਦੀ ਹੈ। ਇਸ ਲਈ ਭਟਕੇ ਹੋਏ ਪਤਿਤ ਮਨੁੱਖਾਂ ਨੂੰ ਫਿਰ ਤੋਂ ਇਸ ਦਾਗ ਨੂੰ ਧੋਣ ਲਈ ਪੰਜ ਪਿਆਰਿਆਂ ਦੇ ਸਨਮੁੱਖ ਹਾਜ਼ਰ ਹੋਕੇ ਖਿਮਾਂ ਯਾਚਨਾ ਕਰਨੀ ਪੈਂਦੀ ਹੈ।

## ਸਿਧਾਂਤਾਂ ਤੇ ਵਿਸਤਾਰ ਪੂਰਵਕ ਵਿਚਾਰ
## ਦਸ ਨੁਕਾਤੀ ਪ੍ਰੋਗਰਾਮ ਭਾਵ ਜੀਵਨ ਜੁਗਤੀ (ਰਹਿਤ ਮਰਯਾਦਾ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਪਣੇ ਸਮਸਤ ਪ੍ਰਚਾਰ ਦੋਰਿਆਂ ਵਿੱਚ ਜਿਨ੍ਹਾਂ ਸਿਧਾਂਤਾਂ ਦਾ ਪ੍ਰਚਾਰ ਕੀਤਾ ਉਹ ਤਿੰਨ ਹਿਸਿਆਂ ਵਿੱਚ ਦਰਸਾਏ ਜਾਂਦੇ ਹਨ 1.ਕਿਰਤ ਕਰੋ 2.ਨਾਮ ਜਪੋ 3.ਵੰਡ ਛਕੋ ਅਰਥਾਤ ਮਿਹਨਤ ਮੁਸ਼ੱਕਤ ਨਾਲ ਧਨ ਕਮਾਉ,ਸਦਾਂ ਰੱਬ ਦੀ ਯਾਦ ਵਿੰਚ ਸੁਰਤ ਰੱਖੋ ਅਤੇ ਕਮਾਏ ਹੋਏ ਧਨ ਦਾ ਦਸਵੰਧ ਲੋੜ ਵੰਦਾਂ ਲਈ ਵਰਤੋ ।

**(1) ਕਿਰਤ ਕਰੋ:-** ਗੁਰੂ ਨਾਨਕ ਦੇਵ ਜੀ ਨੇ ਦਸਾਂ ਨੋਹਾਂ ਦੀ ਕਿਰਤ ਤੇ ਜ਼ੋਰ ਦਿੱਤਾ। ਇਕ ਵਾਰ ਆਪ ਜੀ ਨੂੰ ਇਕ ਧਨਾਢ ਮਨੁੰਖ ਮਲਿਕ ਭਾਗੋ ਨੇ ਅਪਣੇ ਇਥੇ ਨਿਉਂਤਾ ਦਿੱਤਾ ਪਰ ਆਪ ਜੀ ਨੇ ਨਿਉਂਤਾ ਸਵੀਕਾਰ ਨਹੀ ਕੀਤਾ। ਇਸ ਤੇ ਮਲਿਕ ਭਾਗੋ ਨੇ ਆਪ ਨੂੰ ਜ਼ਬਰਦਸਤੀ ਬੁਲਾ ਭੇਜਿਆ ਜਦੋਂ ਆਪਜੀ ਦਾ ਸ੍ਹਾਮਣਾ ਮਲਿਕ ਭਾਗੋ ਨਾਲ ਹੋਇਆ ਤਾਂ ਆਪ ਜੀ ਨੇ ਕਿਹਾ ਕਿ ਇਹ ਕਿਹੜੇ ਗ੍ਰੰਥ ਵਿੱਚ ਲਿਖਿਆ ਹੈ ਕਿ ਨਿਉਤਾ ਜਬਰਦਸਤੀ ਸਵੀਕਾਰ ਕਰਣ ਲਈ ਮਜਬੂਰ ਕੀਤਾ ਜਾਏ। ਜਵਾਬ ਵਿੱਚ ਮਲਿਕ ਭਾਗੋ ਨੇ ਕਿਹਾ ਕਿ ਤੁਸੀ ਇਕ ਸ਼ੁਦਰ ਦੇ ਘਰ ਠਹਿਰੇ ਹੋਏ ਹੋ ਜੋਕਿ ਅਤਿ ਗਰੀਬ ਹੈ ਅਤੇ ਆਪ ਖੁਦ ਖਤ੍ਰੀ ਵੰਸ਼ ਦੇ ਬੇਦੀ ਪਰਿਵਾਰ ਨਾਲ ਸਬੰਧਿਤ ਧਨਾਢ ਮਨੁੰਖ ਹੋ ਫਿਰ ਮੇਰੇ ਇੱਥੇ ਆਪ ਨੂੰ ਭੋਜਨ ਕਰਨ ਵਿੱਚ ਕੀ ਇਤਰਾਜ ਹੈ। ਜਵਾਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਅਸੀ ਸਿਰਫ ਉਨ੍ਹਾਂ ਮਨੁੰਖਾਂ ਦੇ ਇਥੇ ਭੋਜਨ ਕਰਦੇ ਹਾਂ ਜੋ ਲੋਗ ਬੜੀ ਮਿਹਨਤ-ਮੱਸ਼ਕਤ ਨਾਲ ਧਨ ਕਮਾਉਂਦੇ ਹਨ ਅਤੇ ਅਪਣਾ ਨਿਰਵਾਹ ਕਰਦੇ ਹਨ ਸਾਂਨੂੰ ਉਨ੍ਹਾਂ ਦੇ ਭੋਜਨ ਵਿੱਚ ਦੁੱਧ ਵਰਗੀ ਸ਼ੁਧੱਤਾ ਦਿਖਾਈ ਦਿੰਦੀ ਹੈ। ਇਸ ਦੇ ਉਲਟ ਉਹ ਮਨੁੰਖ ਜੋ ਦੁਸਰਿਆਂ ਦਾ ਸ਼ੋਸ਼ਣ ਕਰਕੇ ਧਨਾਢ ਬਣ ਜਾਂਦੇ ਹਨ,ਉਨ੍ਹਾਂ ਦੇ ਭੋਜਨ ਵਿੱਚੋਂ ਗਰੀਬਾਂ ਦੇ ਲਹੂ ਦੀ ਬੂ ਆਉਂਦੀ ਹੈ। ਇਸ ਲਈ ਅਸੀ ਤੇਰੇ ਇਥੇ ਭੋਜਨ ਕਰਨ ਲਈ ਤਈਆਰ ਨਹੀ ਹਾਂ। ਇਹ ਨਿਰਭੈ ਕਉੜਾ ਸੱਚ ਸੁਣ ਕੇ ਮਲਿਕ ਭਾਗੋ ਨੇ ਕਿਹਾ ਹੇ ਗੁਰਦੇਵ! ਤੁਹਾਡੇ ਕਥਨ ਵਿੱਚ ਸੱਚਿਆਈ ਝਲਕ ਰਹੀ ਹੈ ਆਪ ਜੀ ਨੇ ਮੇਰੀਆਂ ਅਖੱਾਂ ਖੋਲ ਦਿਤੀਆਂ ਹਨ ਮੈ ਇਸ ਕਰਮ ਲਈ ਪਸਚਿਆਤਾਪ ਕਰਣ ਲਈ ਤਿਆਰ ਹਾਂ। ਇਸ ਲਈ ਮੈ ਖਿਮਾ ਮੰਗਦਾ ਹਾਂ । ਇਹ ਦੇਖ ਕੇ ਜਨਸਾਧਾਰਣ ਆਸਚਰਜ ਵਿੱਚ ਪੈ ਗਿਆ। ਗੁਰਦੇਵ ਜੀ ਦੁਆਰਾ ਦਰਸਾਏ ਗਏ ਮਾਰਗ ਤੇ ਚਲਣ ਦੀ ਪਰੇਰਣਾ ਪਾ ਕੇ ਦਰਸ਼ਕ ਉਨ੍ਹਾਂ ਤੋਂ ਗੁਰੂ ਦੀਖਿਆ ਲੈਣ ਲਈ ਬੇਨਤੀ ਕਰਣ ਲੱਗੇ ਤਦ ਗੁਰੂ ਜੀ ਨੇ ਉਪਦੇਸ ਦਿਤੱਾ :-

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥**
**(ਮਾਝ ਮਹਲਾ 1, ਪੰਨਾ-141)**

ਅਰਥਾਤ- ਸਾਰੇ ਮਨੁੰਖਾਂ ਨੂੰ ਸਾਵਧਾਨ ਰਿਹਣਾ ਚਾਹੀਦਾ ਹੈ ਕਿ ਕਿਤੇ ਉਹ ਦੁਜਿਆ ਦੇ ਹਕੱਾਂ ਤੇ ਛਾਪਾ ਤਾਂ ਨਹੀ ਮਾਰ ਰਹੇ ਜੇਕਰ ਕੋਈ ਹਿੰਦੂ ਕਮਜ਼ੋਰ ਵਰਗ ਦਾ ਸੋਸ਼ਣ ਕਰਦਾ ਹੈ ਤਾਂ ਉਹ ਗਾਂ ਦਾ ਖੂਨ ਪੀਣ ਦੇ ਬਰਾਬਰ ਹੈ ਜੇਕਰ ਮੁਸਲਮਾਣ ਇਸ ਤਰ੍ਹਾਂ ਕਰਦਾ ਹੈ ਤਾਂ ਉਸ ਲਈ ਸੂਰ ਦਾ ਮਾਸ ਖਾਣ ਦੇ ਬਰਾਬਰ ਹੈ।

**(2) ਨਾਮ ਜਪੋ :-** ਮਨੁੰਖੀ ਜੀਵਨ ਦਾ ਮੁੱਖ ਉਦੇਸ ਪ੍ਰਭੁ ਵਿੱਚ ਅਭੇਦਤਾ ਹੈ ਇਸ ਲਈ ਆਪਣੇ ਸਵਾਸਾਂ ਦੀ ਪੂੰਜੀ ਨੂੰ ਅਜਾਈਂ ਨਾ ਗਵਾਉਂਦੇ ਹੋਏ ਸਾਨੂੰ ਆਪਣੀ ਸੁਰਤ ਪ੍ਰਭੂ ਦੇ ਚਰਨਾਂ ਵਿੱਚ ਜੋੜੀ ਰੱਖਣੀ ਚਾਹੀਦੀ ਹੈ। ਕਣ-ਕਣ ਵਿੱਚ ਵਸਿਆ ਪ੍ਰਮਾਤਮਾ ਸਰਵ ਸ਼ਕਤੀਮਾਨ,ਸਰਵ - ਵਿਆਪਕ,ਸਰਵ ਕਲਾ ਸਮਰੱਥ ਹੈ। ਜੇਕਰ ਪ੍ਰਭੁ ਸਾਡੇ ਅੰਗ-ਸੰਗ

ਰਹੇਗਾ ਤਾਂ ਹੀ ਅਸੀ ਕੋਈ ਵੀ ਗਲਤ ਕੰਮ ਨਹੀ ਕਰਾਂਗੇ। ਜਿਸ ਨਾਲ ਸਮਾਜਿਕ ਬੁਰਾਈਆਂ ਅਪਣੇ ਆਪ ਖਤਮ ਹੋ ਜਾਣਗੀਆਂ ਅਤੇ ਜੀਵਨ ਸਫਲ ਹੋ ਜਾਵੇਗਾ ਜਿਸ ਕਰਕੇ ਅੰਤਿਮ ਸਮੇ ਸਾਨੂੰ ਪਸਚਾਤਾਪ ਨਾਲ ਵਿਦਾ ਨਹੀ ਹੋਣਾ ਪਏਗਾ।

**(3) ਵੰਡ ਛਕੋ :-** ਗੁਰੂ ਜੀ ਦਾ ਆਦੇਸ ਹੈ ਕਿ ਆਪਣੀ ਆਮਦਨੀ ਦਾ ਦਸ ਫੀਸਦੀ (ਦਸਵੰਧ ) ਹਿੱਸਾ ਸਾਂਝੇ ਕੋਸ ਵਿੱਚ ਜਮਾ ਕਰਾਉਣਾ ਹੈ ਜਾਂ ਲੋੜਵੰਦਾ ਦੀ ਸਹਇਤਾ ਲਈ ਵਰਤਣਾ ਹੈ। ਜਿਸ ਦੇ ਨਾਲ ਪਿਛੜੇ ਵਰਗ ਅਤੇ ਲੋੜਵੰਦਾਂ ਦੀ ਸਹਾਇਤਾ ਕੀਤੀ ਜਾ ਸਕੇ। ਜਿਸ ਤੇ ਸਹਾਇਤਾ ਲੈਣ ਵਾਲਿਆਂ ਨੂੰ ਹੀਣ ਭਾਵਨਾ ਦਾਂ ਅਹਸਾਸ ਨਾ ਹੋਵੇ ਅਤੇ ਦਸਵੰਧ ਦੇਣ ਵਾਲਿਆਂ ਨੂੰ ਅਪਣੀ ਹਉਮੈ ਦਾ ਅਹਸਾਸ ਨਾ ਹੋਵੇ। ਇਸ ਪ੍ਰਕਾਰ ਸਰਬ ਸਾਂਝੀਵਾਲਤਾ ਨਾਲ ਸਮਾਜ ਸੇਵਾ ਦੇ ਕਾਰਜ਼ ਚਲਦੇ ਰਹਿਣ। ਲੰਗਰ ਪ੍ਰਥਾ ਇਸੇ ਸਰਵ ਸਾਂਝੀ ਵਾਲਤਾ ਦਾ ਇਕ ਨਮੂਨਾ ਹੈ। ਹਰ ਵਰਗ ਦੇ ਮਨੁੰਖ ਬਿਨਾ ਭੇਦ ਭਾਵ ਦੇ ਲੰਗਰ ਛਕ ਸਕਦੇ ਹਨ। ਇਸ ਤਰਾਂ ਜਿੱਥੇ ਊਚ ਨੀਚ ਦਾ ਭੇਦ ਭਾਵ ਸਮਾਪਤ ਹੁੰਦਾ ਹੈ ਉੱਥੇ ਲੋੜਵੰਦਾਂ ਨੂੰ ਹੀਨ ਭਾਵਨਾ ਦਾ ਮੂਹੰ ਨਹੀ ਦੇਖਣਾ ਪੰਦਾ। ਗੁਰੂ ਨਾਨਕ ਦੇਵ ਜੀ ਦੇ ਇਸ ਸਿਧਾਂਤ ਨੂੰ 19 ਵੀਂ-20 ਵੀਂ ਸਦੀ ਦੇ ਸਮਾਜਵਾਦੀਆਂ ਨੇ ਵੀ ਸਵੀਕਾਰਿਆ ਹੈ।

**(4) ਪੂਜਾ ਅਕਾਲ ਕੀ :-** ਭਾਵ ਹਰ ਇੱਕ ਸਿੱਖ ਨੂੰ ਸਿਰਫ ਨਿਰਾਕਾਰ ਪ੍ਰਭੂ ਦੀ ਉਪਾਸਨਾ ਕਰਨੀ ਚਾਹੀਦੀ ਹੈ। ਜੋ ਕਣ-ਕਣ ਵਿੱਚ ਵਿਦਮਾਨ ਹੈ। ਉਸ ਦਾ ਨਾ ਜਨਮ ਹੁੰਦਾ ਹੈ ਅਤੇ ਨਾ ਹੀ ਉਹ ਜਨਮ ਮਰਣ ਵਿਚ ਆਉਂਦਾ ਹੈ ਭਾਵ ਉਹ ਕਾਲ ਦੇ ਬੰਧਨ ਤੋਂ ਉਪੱਰ ਹੈ। ਜਿਸ ਨੇ ਆਪਣਾ ਨਿਰਮਾਣ ਆਪ ਕੀਤਾ ਹੈ। ਇਸ ਅਮਰ ਸ਼ਕਤੀ ਨੂੰ ਤੁਸੀ ਕਿਸੇ ਵੀ ਨਾਮ ਨਾਲ ਯਾਦ ਕਰ ਸਕਦੇ ਹੋ। ਇਹ ਕ੍ਰਿਆ ਸਮਾਜ ਵਿੱਚ ਏਕਤਾ ਤੇ ਭਾਈਚਾਰਾ ਪੈਦਾ ਕਰੇਗੀ। ਅਜਿਹਾ ਕਰਨ ਵਾਲਿਆਂ ਦੀ ਭਗਤੀ ਕਦੇ ਅਜਾਂਈ ਨਹੀ ਜਾਵੇਗੀ ।

**(5) ਪਰਚਾ ਸ਼ਬਦ ਕਾ:-** ਭਾਵ ਸਿੱਖਾਂ ਨੂੰ ਆਤਮਿਕ ਗਿਆਨ ਦੀ ਪ੍ਰਾਪਤੀ ਦੀ ਇਛੱਾ ਹੋਣੀ ਚਾਹੀਦੀ ਹੈ। ਇਸ ਲਈ ਉਹਨਾ ਕੋਲ ਇਹ ਆਤਮ ਗਿਆਨ ਦਾ ਭੰਡਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਵਿਦਮਾਨ ਹੈ। ਇਸ ਤੋਂ ਉਹ ਆਪਣੀਆਂ ਅਧਿਆਤਮਕ ਜਰੂਰਤਾਂ ਪੂਰੀਆਂ ਕਰ ਸਕਦੇ ਹਨ। ਸਮੁੱਚੇ ਸਮਾਜ ਦੀ ਅਧਿਆਤਮਕ ਜ਼ਰੂਰਤ ਇੱਕੋ ਵਰਗੀ ਹੁੰਦੀ ਹੈ। ਇਸੇ ਲਈ ਸਮੇ-ਸਮੇ ਤੇ ਮਹਾਂ ਪੁਰਖਾਂ ਨੇ ਵੱਖ-ਵੱਖ ਧਰਮ ਗ੍ਰੰਥਾਂ ਦੀ ਰਚਨਾ ਕੀਤੀ। ਪਰ ਸਾਰਿਆਂ ਦਾ ਸਾਰ ਤੱਤ ਇੱਕੋ ਹੈ। ਆਤਮ ਗਿਆਨ ਕਿਤੋਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਪਰ

**ਗ੍ਰੰਥ ਦੀ ਉਪਾਸਣਾ ਸਾਕਾਰ ਨਾਂ ਹੋ ਕੇ ਨਿਰਾਕਾਰ ਹੋਣੀ ਚਾਹੀਦੀ ਹੈ ।**

**(6) ਦੀਦਾਰ ਖਾਲਸੇ ਦਾ :-** ਭਾਵ ਜੇਕਰ ਵਿਅਕਤੀ ਦੇ ਹਿਰਦੇ ਵਿੱਚ ਪ੍ਰਤੱਖ ਪ੍ਰਭੂ ਦਰਸ਼ਨਾਂ ਦੀ ਇੱਛਾ ਹੋਵੇ ਤਾਂ ਉਸ ਨੂੰ ਉਥੇ ਜਾਣਾ ਚਾਹੀਦਾ ਹੈ ਜਿੱਥੇ ਸੰਗਤ ਰੂਪ ਵਿੱਚ ਉਸ ਨਿਰਾਕਾਰ ਪ੍ਰਭੂ ਦੀ ਉਸਤਤੀ ਕੀਤੀ ਜਾਂਦੀ ਹੋਵੇ। ਸਤਸੰਗ ਦੇ ਦਰਸਨ ਹੀ ਪ੍ਰਭੂ ਦੇ ਦਰਸ਼ਨ ਹਨ। ਜੇਕਰ ਐਸਾ ਸੰਭਵ ਨਾ ਹੋ ਸਕੇ ਤਾਂ ਮਨੁੰਖ ਨੂੰ ਉਸ ਮਨੁੰਖ ਦੀ ਭਾਲ ਕਰਨੀ ਚਾਹੀਦੀ ਜੋ ਨਿਰਪੱਖ ਹੋ ਕੇ ਉੱਜੱਵਲ (ਪਰਹੇਜ ਗਾਰ ) ਜੀਵਨ ਬਤੀਤ ਕਰਦਾ ਹੋਵੇ। ਅਤੇ ਨਿਰਾਕਾਰ ਦਾ ਉਪਾਸ਼ਕ ਹੋਵੇ ।

ਖਾਲਸਾ ਸ਼ਬਦ ਦਾ ਅਰਥ ਹੈ ਕਿ ਉਹ ਸ਼ੁਧ ਪ੍ਰਾਣੀ ਜੋ ਈਰਖਾ, ਵੈਰ, ਵਿਰੋਧ, ਤੋਂ ਦੂਰ ਹੋਵੇ ਅਤੇ ਹਿਰਦੇ ਦੀ ਪਵਿਤਰਤਾ ਅਤੇ ਸਮ ਦ੍ਰਿਸ਼ਟ,ਵਿਵੇਕਸ਼ੀਲ ਜੀਵਨ ਜਿਉਣ ਵਾਲਾ ਮਨੁੱਖ ਹੀ ਖਾਲਸਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਨਾ ਸਮੇ ਆਪਣੇ ਸਿੱਖਾਂ ਸਾਹਮਣੇ ਸੰਜਮੀਂ ਜੀਵਨ ਜਿਉਣ ਦੀ ਸ਼ਰਤ ਰੱਖੀ। ਇਸ ਸ਼ਰਤ ਵਿੱਚ ਚਾਰ ਸਿਧਾਂਤ ਲਾਜ਼ਮੀ ਸਨ।

**(7) ਪਹਿਲੀ ਸ਼ਰਤ ਹੈ –** ਗੁਰੂ ਕਾ ਸਿੱਖ ਆਪਣੇ ਕੇਸ਼ਾਂ ਦਾ ਅਪਮਾਨ ਨਾ ਕਰੇ।

ਜਿਸ ਦਾ ਭਾਵ ਹੈ ਕਿ ਕੁਦਰਤ ਤੋਂ ਮਿਲੇ ਮਨੁੱਖੀ ਰੂਪ ਨੂੰ ਉਹ ਜਿਉਂ ਦਾ ਤਿਉਂ ਬਣਾਈ ਰੱਖੇਗਾ। ਉਸ ਨੂੰ ਕੇਵਲ ਕੇਸਾਂ ਦੀ ਸਫਾਈ ਅਤੇ ਸਜਾਵਟ ਦਾ ਹੱਕ ਹੋਵੇਗਾ। ਗੁਰੂ ਜੀ ਨੇ ਦੱਸਿਆ ਕਿ ਤੁਹਾਨੂੰ ਕੁਦਰਤ ਤੋਂ ਮਿਲਿਆ ਰੂਪ ਅਸਲ ਵਿੱਚ ਸ਼ੇਰ ਦਾ ਪ੍ਰਤੀਕ ਹੈ। ਕੇਸ ਸੁੰਦਰਤਾ ਦਾ,ਮੁੱਛਾਂ ਵੀਰਤਾ ਦਾ ਪ੍ਰਤੀਕ ਹਨ ਅਤੇ ਦਾੜ੍ਹੀ ਦੈਵੀ ਗੁਣਾਂ ਦੀ ਪ੍ਰਤੀਕ ਹੈ ਜਿਸ ਤਰ੍ਹਾਂ ਖਿਮਾਂ,ਨਿਮਰਤਾ,ਸਤਿ ਹੋਰ ਮਿੱਠਾ ਬੋਲਣਾ ਆਦਿ। ਇਹ ਸਮਸਤ ਸਾਬਤ ਸੂਰਤ ਪ੍ਰਭੂ ਦਾ ਅਪਣਾ ਸਰੂਪ ਹੈ। ਸਾਨੂੰ ਉਸ ਪਰਮਪਿਤਾ ਪਰਮੇਸਰ ਦਾ ਆਗਿਆ ਕਾਰੀ ਪੁੱਤਰ ਬਨਣਾ ਹੈ। ਕੇਸ਼ ਜਾਂ ਹੋਰ (ਵਾਲ) ਜੋ ਉਸ ਦੀ ਆਗਿਆ ਅਨੁਸਾਰ ਕੁਦਰਤ ਨੇ ਦਾਤ ਵਜੋਂ ਦਿਤੇ ਹਨ ਉਹ ਪੁਰਸ਼ ਦਾ ਸ਼ਿੰਗਾਰ ਹਨ। ਜਦੋਂ ਕਿ ਨਾਰੀ ਸ਼ਿੰਗਾਰ ਲਈ ਬਨਾਵਟੀ ਸਾਧਨਾ ਦੀ ਮੁਥਾਜ ਹੈ। ਕੁਦਰਤਿ ਨੇ ਜੋ ਕੇਸ ਮਨੁੰਖ ਨੂੰ ਦਿੱਤੇ ਹਨ ਉਸ ਨਾਲ ਮਨੁੱਖ ਦਾ ਵਿਅਕਤਿਤਵ ਹੋਰ ਤੇਜਸ਼ਵੀ ਹੋ ਜਾਂਦਾ ਹੈ।

ਹਿੰਦੂ ਲੋਗ ਸਿਰ ਤੇ ਚੋਟੀ (ਸ਼ਿਖਾ) ਹੀ ਰਖਦੇ ਹਨ ਇਸ ਤੋਂ ਉਲਟ ਮੁਸਲਮਾਨ ਲੋਗ ਵਿੱਚੋਂ ਮੱਛਾ ਕੱਟ ਕੇ ਮੋਮਨ ਬਨਣ ਦੀ ਕੋਸਿਸ਼ ਕਰਦੇ ਹਨ ਸਾਨੂੰ ਨਾ ਹਿੰਦੂ ਬਨਣਾ ਹੈ ਨਾ ਮੁਸਲਮਾਨ ਸਾਨੂੰ ਤਾਂ ਸਿਰਫ ਇਨਸਾਨ ਬਨਣਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜਦੋਂ ਅਸੀ ਕੁਦਰਤ ਦਾ ਅਨੁਸਰਣ ਕਰੀਏ ਅਰਥਾਤ ਕੇਸ਼ ਜਿਸ ਤਰ੍ਹਾਂ ਪ੍ਰਾਪਤ ਹੋਏ ਹਨ ਉਸ ਤਰ੍ਹਾਂ ਹੀ ਧਾਰਣ ਕਰੀਏ ਉਸ ਦੇ ਵਿੱਚ ਕਟੱਾ-ਵੱਡੀ ਨਾ ਕਰੀਏ। ਰੱਬ ਨੇ ਅਪਣਾ ਸਰੂਪ ਮਨੁੰਖ ਨੂੰ ਦਿੱਤਾ ਹੈ ਪ੍ਰਭੂ ਦੇ ਹੁਕਮ ਵਿੱਚ ਸਾਡੀ ਸਹਮਤੀ ਸਾਂਨੂੰ ਪ੍ਰਸੰਨਚਿਤ ਕਰਦੀ ਹੈ। ਸਾਡੇ ਪੁਰਖੇ ਸਾਰੇ ਕੇਸਾਧਾਰੀ ਸਨ ਅਤੇ ਦਸਤਾਰ ਸਜਾਉਂਦੇ ਸਨ। ਆਦਿ ਕਾਲ ਤੋਂ ਹੀ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਵਿੱਚ ਕੇਸ ਧਾਰਨ ਕਰਨਾ ਮਾਨ-ਸਨਮਾਨ ਦਾ ਪ੍ਰਤੀਕ ਰਿਹਾ ਹੈ। ਅੱਜ ਵੀ ਭਾਰਤੀ ਰਾਸ਼ਟਰੀ ਪੁਸ਼ਾਕ ਵਿੱਚ ਪਗੜੀ (ਦਸਤਾਰ) ਜ਼ਰੂਰੀ ਅੰਗ ਹੈ।

**(8) ਦੂਸਰੀ ਸ਼ਰਤ ਹੈ –** ਕੁਠੱਾ-ਮਾਸ (ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ) ਖਾਣ ਦੀ ਮਨਾਹੀ ।

ਜਿਸ ਦਾ ਭਾਵ ਹੈ ਮਨੁੱਖ ਦੇ ਹਿਰਦੇ ਵਿੱਚ ਦਯਾ ਭਾਵਨਾ ਹੋਣੀ ਚਾਹੀਦੀ ਹੈ। ਕਿਉਂਕਿ ਦਯਾ ਧਰਮ ਦਾ ਮੂਲ ਹੈ। ਮਾਸ ਖਾਣ ਵਾਲਾ ਮਨੁੰਖ ਕਠੋਰ ਬਿਰਤੀ ਵਾਲਾ ਬਣ ਜਾਂਦਾ ਹੈ। ਪਰੰਤੂ'ਅਹਿੰਸਾ ਪਰਮੋਧਰਮਾ' ਦਾ ਨਾਰਾ ਭੀ ਸਾਡੀ ਸੁਤੰਤਰਤਾ ਦੇ ਲਈ ਬਹੁਤ ਹਾਨੀ ਕਾਰਕ ਸਿਧ ਹੋਇਆ ਹੈ। ਸਾਡੀ ਇਸ ਕਮਜੋਰੀ ਦੇ ਕਾਰਣ ਅਸੀ ਕਈ ਸਦੀਆਂ ਤਕ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜੇ ਰਹੇ। ਸਾਡੇ ਉਤੇ ਵਿਦੇਸੀ ਸ਼ਾਸਨ ਕਰਦੇ ਰਹੇ ਇਸ ਲਈ ਗੁਰਦੇਵ ਜੀ ਨੇ ਮਾਂਸਾਹਾਰ ਕਰਣ ਲਈ ਨਹੀ ਵਰਜਿਆ ਹੈ। ਜੇਕਰ ਕੋਈ ਮਨੁੰਖ ਕਿਸੀ ਕਾਰਣ ਮਾਂਸਾਹਾਰ ਦਾ ਤਿਆਗ ਨਹੀ ਕਰ ਪਾ ਰਿਹਾਂ ਤਾਂ

ਉਸ ਲਈ ਸਿਰਫ ਇਹ ਹੀ ਹੁਕਮ ਦਿੱਤਾਂ ਗਿਆ ਹੈ। ਉਹ ਮਾਂਸ ਵਰਤਣਾ ਚਹਉਂਦਾ ਹੈ ਤਾਂ ਜੀਵ ਦੀ ਹੱਤਿਆਂ ਦਯਾ ਨੂੰ ਮੁੱਖ ਰੱਖ ਕੇ ਕੀਤੀ ਜਾਵੇ ਤਾਂ ਕਿ ਜੀਵ ਨੂੰ ਘਟ ਤੋ ਘਟ ਪੀੜਾ ਹੋਵੇ ਅਰਥਾਤ ਇੱਕ ਝਟਕੇ ਨਾਲ ਉਸ ਜੀਵ ਦਾ ਵਧ ਕਰ ਦਿੱਤਾ ਜਾਵੇ। ਅਸਲ ਵਿੱਚ ਗੁਰਮਤਿ ਅਨੁਸਾਰ ਮਾਂਸਾਹਾਰ ਅਧਿਆਤਮਕ ਪ੍ਰਾਪਤੀਆਂ ਵਿੱਚ ਰੁਕਾਵਟ ਹੈ। ਲੇਕਿਨ ਗੁਰਦੇਵ ਜੀ ਨੇ ਅਪਣੇ ਸੇਵਕਾਂ ਨੂੰ ਸੰਤ ਸਿਪਹੀ ਦਾ ਸਰੂਪ ਦਿਤਾ ਹੈ। ਅਰਥਾਤ ਉਨ੍ਹਾਂ ਦੇ ਸਾਰੇ ਸਿੱਖ,ਜੀਵਨ ਚਰਿਤਰ ਕਰਕੇ ਸੰਤ ਹੋਣੇ ਚਾਹੀਦੇ ਹਨ ਅਤੇ ਕਰਤਬ ਕਰਕੇ ਸਿਪਾਹੀ ਰੂਪ ਹੋਕੇ ਸਮਾਜ ਸੇਵਾ ਵਿੱਚ ਤਤਪਰ ਰਹਿਣੇ ਚਾਹੀਦੇ ਹਨ। ਸਿਪਾਹੀਆਂ ਨੂੰ ਕਦੇ-ਕਦੇ ਦੁਸਟਾਂ ਦਾ ਦਮਨ ਕਰਣ ਲਈ ਹਤਿਆ ਇਤਿਆਦਿ ਕਰਣੀ ਪੈ ਜਾਂਦੀ ਇਸ ਲਈ ਸੈਨਿਕਾਂ ਲਈ 'ਅਹਿੰਸਾ ਪਰਮੋਧਰਮਾਂ' ਦਾ ਪਾਠ ਨਿਅਰਥਕ ਹੈ।

**(9) ਤੀਜੀ ਸ਼ਰਤ ਹੈ –** ਪਰਾਈ ਇਸਤਰੀ ਜਾਂ ਪਰਾਏ ਪੁਰਸ਼ ਦਾ ਭੋਗ (ਸੰਗ) ਨਾ ਕਰਨਾ।

ਮਨੁੱਖੀ ਸਮਾਜ ਲਈ ਇਹ ਬੁਰਾਈ ਬਹੁਤ ਖਤਰੇ,ਲੜਾਈ,ਝਗੜਿਆਂ ਅਤੇ ਘਰੇਲ,ਕਲੇਸ਼ਾਂ ਦਾ ਕਾਰਣ ਬਣਦੀ ਹੈ ਅਤੇ ਖੂਨਖਰਾਬਾ ਮੁਕੱਦਮੇ ਬਾਜ਼ੀ ਇਸੀ ਤਰੁਟੀ ਦੀ ਦੇਨ ਹਨ। ਇਸ ਬੁਰਾਈ ਕਰਕੇ ਕਈ ਲੋਕ ਮਾਨਸਿਕ ਰੋਗੀ,ਪਾਗਲਪਣ ਅਤੇ ਆਤਮਹੱਤਿਆ ਦੇ ਸ਼ਿਕਾਰ ਹੋ ਜਾਂਦੇ ਹਨ। ਪੁਰਾਣੇ ਸ਼ਮੇ ਵਿੱਚ ਵੈਸਿਆ-ਵਿਰਤੀ ਕਰਨ ਵਾਲੇ ਮਨੁੱਖਾਂ ਨੂੰ ਇੱਕ ਅਸਾਧ ਰੋਗ ਸੂਜਾਕ (ਤ.ਧ) ਹੋ ਜਾਂਦਾ ਸੀ। ਜਿਸ ਕਾਰਣ ਮੋਤ ਨਿਸ਼ਚਿਤ ਹੋ ਜਾਂਦੀ ਸੀ। ਆਧੁਨਿਕ ਯੁਗ ਵਿੱਚ ਏਡਜ ਇਕ ਅਸਾਧ ਰੋਗ ਹੈ। ਜਿਸ ਦਾ ਮੁੱਖ ਕਾਰਣ ਮਨੁੱਖੀ ਅਵੈਦ ਸਰੀਰਕ ਸੰਮਬੰਧ ਹੀ ਹਨ। ਜੇਕਰ ਉਪਰੋਕਤ ਸਿੱਖੀ ਸਿਧਾਂਤਾਂ ਦੀ ਪਾਲਣਾ ਕੀਤੀ ਜਾਏ ਤਾਂ ਏਡਜ ਹੋਣ ਤੋਂ ਪੂਰੀ ਤਰਾਂ ਬਚਿਆ ਜਾ ਸਕਦਾ ਹੈ ।

ਸਤਰੂ ਦੇਸ਼ ਅਪਣੇ ਸੁਆਰਥ ਦੇ ਲਈ ਗੁਪਤ ਸੂਚਨਾਵਾਂ ਇਕੱਤਰ ਕਰਣਲਈ ਸੁੰਦਰ ਯੁਵਤੀਆ ਨੂੰ ਪ੍ਰਸ਼ਿਖਸ਼ਿਤ ਕਰਕੇ ਸੈਨਿਕ ਯਾ ਅਸੈਨਿਕ ਕਰਮਚਾਰੀਆਂ ਦੇ ਨਾਲ ਯੋਨ ਸਬੰਧ ਸਥਾਪਿਤ ਕਰਵਾ ਕੇ ਗੁਪਤ ਭੇਦ ਜਾਣ ਲੈਂਦੇ ਹਨ। ਜਿਸ ਕਰਕੇ ਦੇਸ ਸਦਾਂ ਲਈ ਪਤਨ ਦੀ ਔਰ ਚਲਾ ਜਾਂਦਾ ਹੈ। ਜੇਕਰ ਸਾਰੇ ਕਰਮਚਾਰੀ ਨਿਸਠਾਵਾਨ ਅਤੇ ਸਦਾਚਾਰੀ ਹੋਣ ਤਾਂ ਇਹ ਕਦੇ ਵੀ ਸੰਭਵ ਨਹੀ ਹੋ ਸਕਦਾ। ਪਰਇਸਤਰੀ ਗਾਮੀ ਹੋਣਾ ਨੈਤਿਕ ਪਤਨ ਦਾ ਮੂਲ਼ ਕਾਰਣ ਬਣਦਾ ਹੈ ।

**(10) ਚੌਥੀ ਸ਼ਰਤ ਹੈ:–** ਤੰਬਾਕੂ ਦਾ ਸੇਵਨ ਨਹੀ ਕਰਨਾ।

ਵਿਗਿਆਨ ਨੇ ਸਿੱਧ ਕੀਤਾ ਹੈ ਕਿ ਤੰਬਾਕੂ ਦੇ ਸਾਰੇ ਉਤਪਾਦ ਹੀ ਸਿਹਤ ਲਈ ਹਾਨੀਕਾਰਕ ਹਨ। ਕਿਸੇ ਵੀ ਤਰੀਕੇ ਨਾਲ ਵਰਤਿਆ ਤੰਬਾਕੂ ਮਨੁੱਖੀ ਜੀਵਨ ਨੂੰ ਇੱਕ ਚੌਥਾਈ ਘੱਟ ਕਰ ਦਿੰਦਾ ਹੈ ਕਿਉਂਕਿ ਤੰਬਾਕੂ ਵਿਚਲਾ ਨਿਕੋਟਿਨ ਰੂਪੀ ਜ਼ਹਿਰ ਸਾਹ ਪ੍ਰਣਾਲੀ ਫੇਫੜੇ ਆਦਿ ਅੰਗਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਜਦੋਂ ਮਨੁੱਖ ਨੂੰ ਕਾਰਬਨਡਾਈ ਆਕਸਾਈਡ ਜ਼ਿਆਦਾ ਮਿਲਦੀ ਹੈ ਤਾਂ ਉਸਦੀਆਂ ਸਵਸਥ ਕੋਸ਼ਿਕਾਵਾਂ ਹੌਲੀ-ਹੌਲੀ ਕਮਜ਼ੋਰ ਹੋ ਕੇ ਮਰ ਜਾਂਦੀਆਂ ਹਨ। ਮਨੁੱਖ ਉਮਰ ਤੋਂ ਪਹਿਲਾਂ ਹੀ ਬੁੱਢਾ ਹੋ ਜਾਂਦਾ ਹੈ ਅਜਿਹਾ ਵਿਅਕਤੀ ਦਮਾਂ ਕੈਸ਼ਰ ਆਦਿ ਬਿਮਾਰੀਆਂ ਦਾ ਸਿਕਾਰ ਹੋ ਜਾਂਦਾ ਹੈ। ਤੰਬਾਕੂ ਦੀ ਵਰਤੋਂ ਤੋਂ ਅੱਜੇ ਤੱਕ ਵੀ ਇਸੇ ਨੂੰ ਕੋਈ ਲਾਭ ਨਹੀ ਹੋਇਆ। ਇਹ ਉਤਪਾਦ ਸਰਕਾਰਾਂ ਸਿਰਫ ਜਨਤਾ ਦਾ ਸ਼ੋਸ਼ਣ ਕਰਣ ਲਈ ਹੀ ਚਲਾਈ ਰਖਦੀਆਂ ਹਨ ਕਿਉਂਕਿ ਸ਼ਾਸਕਾਂ ਨੂੰ ਬਹੁਤ ਬੱਡੀ ਰਕਮ ਰਾਜਸ਼ਵ (ਟੈਕਸ)

ਦੇ ਰੂਪ ਵਿੱਚ ਪ੍ਰਾਪਤ ਹੰਦੀ ਹੈ। ਅੰਤਰਰਾਸ਼ਟਰੀ ਸ਼ੁਆਸਥ ਸੰਸਥਾਵਾਂ ਵਲੋਂ ਤੰਬਾਕੂ ਵਿਰੋਧੀ ਲਹਿਰ ਚਲਾਉਣ ਦੇ ਕਾਰਣ ਮਜਬੂਰੀ ਵਸ ਅੱਖਾਂ ਵਿੱਚ ਧੂੜ ਝੋਕਣ ਲਈ ਭਾਰਤ ਵਿਚ ਵੀ ਕੁਛ ਨਾਮ ਮਾਤਰ ਦੇ ਤੰਬਾਕੂ ਉਤਪਾਦਾਂ ਤੇ ਛੋਟੇ-ਛੋਟੇ ਪ੍ਰਤਿਬੰਧ ਲਗਾਏ ਗਏ ਹਨ। ਜਿਨ੍ਹਾਂ ਦੀ ਕੋਈ ਬੁਕਤ ਨਹੀ। ਤੰਬਾਕੂ ਦਾ ਸੇਵਨ ਸਰੀਰਕ, ਮਾਨਸਿਕ, ਆਤਮਿਕ ਸ਼ਕਤੀਆਂ ਦਾ ਨਾਸ ਕਰ ਦਿੰਦੀਆਂ ਹਨ ਅਤੇ ਇਹ ਬਹੁਤ ਵਡਾ ਸਮਾਜਿਕ ਅਭੀਸ਼ਾਪ ਵੀ ਹੈ ਇਸ ਦਾ ਸੇਵਨ ਕਰਣ ਵਾਲੇ ਜਗ੍ਹਾਂ-ਜਗ੍ਹਾਂ ਬੀੜੀਆਂ ਸਿਗਰਟਾਂ ਮਾਚਿਸ ਦੀ ਤੀਲੀਆਂ ਅਤੇ ਖਾਲੀ ਡਬੀਆਂ ਨੂੰ ਸੁਟਕੇ ਗੰਦਗੀ ਫੈਲਾਂਦੇ ਹਨ। ਇਥੇ ਹੀ ਬਸ ਨਹੀ ਇਹ ਲੋਕ ਬਦਬੂ ਦਾਰ ਧੂਏਂ ਨਾਲ ਵਾਤਾਵਰਣ ਦੂਸ਼ਿਤ ਕਰਦੇ ਹਨ। ਇਨ੍ਹਾਂ ਦੀ ਅਣ ਗਹਿਲੀ ਨਾਲ ਕਈ ਅਗਨੀ ਕਾਂਡ ਹੋ ਜਾਂਦੇ ਹਨ। ਇਸ ਕਾਰਣ ਅਮੁਲ ਜਾਂਨਾਂ ਅਤੇ ਬਹੁ ਕੀਮਤੀ ਸੰਪੱਤੀ ਨਸ਼ਟ ਹੋ ਜਾਂਦੀ ਹੈ।

ਯੁੱਧ ਦੇ ਸਮੇ ਸੈਨਿਕ ਬੀੜੀ ਜਾਂ ਸਿਗਰਟਾਂ ਪੀਂਦੇ ਹਨ,ਉਹ ਖੁਦ ਤਾਂ ਮਰਦੇ ਹੀ ਹਨ ਅਤੇ ਅਪਣੇ ਦੇਸ਼ ਨੂੰ ਵੀ ਹਾਰ ਵਲ ਧੱਕ ਦਿੰਦੇ ਹਨ। ਅਸਲ ਵਿੱਚ ਵਰਤਮਾਨ ਯੁੱਧ ਨਿਤੀ ਅਨੁਸਾਰ ਰਾਤ ਦੇ ਸਮੇਂ ਬਲੈਕਆਊਟ ਕੀਤਾ ਜਾਂਦਾ ਹੈ ਅਰਥਾਤ ਰਾਤ ਨੂੰ ਰੋਸਨੀ ਨਹੀ ਕੀਤੀ ਜਾਂਦੀ ਤਾਂ ਕਿ ਦੁਸ਼ਮਣ ਸਾਂਨੂੰ ਦੇਖ ਨਾਂ ਸਕੇ ਪਰ ਤੰਬਾਕੂ ਪੀਣ ਦੇ ਆਦੀ ਜਦੋਂ ਬੀੜੀ,ਸਿਗਰਟ ਜਲਾਂਦੇ ਹਨ ਤਾਂ ਉਸ ਸਮੇਂ ਦੂਰ ਬੈਠਾ ਦੁਸ਼ਮਣ ਰੋਸਨੀ ਦੀ ਸੇਧ ਵਿੱਚ ਬੰਬ ਵਰਖਾ ਕਰਕੇ ਸਬ ਕੁਛ ਸਮਾਪਤ ਕਰ ਦਿੰਦਾ ਹੈ ।

ਵਿਅਕਤੀ ਨੂੰ ਉਹੀ ਵਸਤੁ ਵਰਤਣੀ ਚਾਹੀਦੀ ਹੈ ਜਿਸ ਨੂੰ ਉਹ ਆਪਣੇ ਬੱਚਿਆਂ ਅਤੇ ਮਾਤਾ - ਪਿਤਾ ਨੂੰ ਆਦਰ ਸਹਿਤ ਵਰਤੋਂ ਕਰਵਾ ਸਕਦਾ ਹੋਵੇ ਅਤੇ ਆਪਣੇ ਗੁਰੂਆਂ ਅਤੇ ਈਸ਼ਟ ਦੇਵਤਿਆਂ ਨੂੰ ਅਰਪਿਤ ਕਰਵਾ ਸਕਦਾ ਹੋਵੇ । ਤੰਬਾਕੂ ਵਰਗੀ ਗੰਦੀ ਚੀਜ਼ ਅਜਿਹੇ ਕੰਮ ਲਈ ਨਹੀਂ ਵਰਤੀ ਜਾ ਸ਼ਕਦੀ । ਵੈਸੇ ਤਾਂ ਸਰੀਰ ਵੀ ਤੁਹਾਡਾ ਹੈ ਪੈਸੇ ਵੀ ਤੁਹਾਡੇ ਹਨ। ਹੁਣ ਨਿਰਣਾ ਤੁਸੀ ਕਰਨਾ ਹੈ ਕਿ ਸਹੀ ਕੀ ਹੈ ਤੇ ਗਲਤ ਕੀ ਹੈ ਕਿਧਰੇ ਤੁਸੀਂ ਅਪਣੇ ਪੈਰਾਂ ਤੇ ਕੁਲਹਾੜੀ ਤਾਂ ਨਹੀ ਮਾਰ ਰਹੇ?

ਇਕ ਸਰਧਾਰਣ ਮਨੁੰਖ ਜਾ ਮਜ਼ਦੂਰ ਆਪਣੀ ਆਮਦਨੀ ਦਾ ਦਸ ਪ੍ਰਿਤੀਸ਼ਤ ਹਿਸੱਾ ਤੰਬਾਕੂ ਸੇਵਨ ਲਈ ਖਰਚ ਕਰਦਾ ਹੈ ਜੋਕਿ ਉਸ ਦੀ ਬਹੁਤ ਵਡੀ ਆਰਥਿਕ ਹਾਨੀ ਦਾ ਕਾਰਣ ਬਣਦੀ ਹੈ। ਇਸ ਲਈ ਉਸ ਦੇ ਬੱਚੇ ਪਿਛੜ ਜਾਂਦੇ ਹਨ।

ਹਰ ਤਰਾਂ ਦੇ ਨਸ਼ਿਆਂ ਦਾ ਕੋਈ ਨਾ ਕੋਈ ਸਮਾਂ ਨਿਸਚਿਤ ਹੁੰਦਾ ਹੈ। ਇਸ ਲਈ ਐਬੀ ਮਨੁੰਖ ਉਸ ਨਸ਼ੇ ਨੂੰ ਦਿਨ ਵਿਚ ਇਕ ਦੋ ਬਾਰ ਵਰਤਦਾ ਹੈ ਪਰ ਤੰਬਾਕੂ ਦਾ ਕੋਈ ਸ਼ਮਾ ਨਿਸਚਿਤ ਨਹੀਂ ਇਸ ਨੂੰ ਵਰਤਣ ਵਾਲਾ ਟੱਟੀ (ਪਾਖਾਨਾ) ਵਿਚ ਵੀ ਵਰਤਦਾ ਦਿਖਾਈ ਦਿੰਦਾ ਹੈ ਗੱਲ ਇਥੇ ਹੀ ਬਸ ਨਹੀ ਹੁੰਦੀ ਲੋਕੀ ਅੰਮ੍ਰਿਤ ਵੇਲੇ ਬਿਸਤਰ ਤੋਂ ਉਠਦੇ ਸਮੇਂ ਰਬ ਦਾ ਨਾਮ ਸਿਮਰਨ ਕਰਦੇ ਹਨ। ਪਰ ਤੰਬਾਕੂ ਪੀਣ ਦਾ ਆਦੀ ਅੱਖਾਂ ਖੁਲਦਿਆਂ ਹੀ ਸਿਰ੍ਹਾਣੇ ਦੇ ਹੇਠਾਂ ਰੱਖੀਆਂ ਬੀੜੀਆਂ, ਮਾਚਿਸਾਂ ਟਟੋਲਦਾ ਹੈ। ਸਭ ਤੋਂ ਜਿਆਦਾ ਦੁਖ ਇਨ੍ਹਾਂ ਦੀਆਂ ਪਤਨੀਆਂ ਨੂੰ ਝਲਣਾ ਪੈਂਦਾ ਹੈ। ਜਿਨ੍ਹਾਂ ਨੂੰ ਇਨਹਾਂ ਦੀ ਅਰਧਾਂਗਨੀ ਹੋਣ ਦੇ ਨਾਤੇ ਇਨ੍ਹਾਂ ਲੋਕਾਂ ਦੇ ਮੂੰਹ ਦੀ ਦੁਰਗੰਧ ਜੀਵਨ ਭਰ ਝੱਲਣੀ ਪੈਦੀ ਹੈ

**ਸਾਵਧਾਨ;-** ਜੇਕਰ ਕੋਈ ਸ਼ੋਸ਼ਣ ਕਰਤਾ ( ਮੌਤ ਦੇ ਸੋਦਾਗਰ) ਤੰਬਾਕੂ ਉਤਪਾਦ ਦੇ ਦੂਜੇ ਸਰੂਪਾਂ ਨੂੰ ਚੀਨੀ ਗੁੜ ਇਤਆਦਿ ਨਾਲ ਮਿਠਾ ਬਣਾ ਕੇ ਅਤੇ ਸੁਗੰਧਿਤ ਇਤਰ ਨਾਲ ਮਹਿਕਦੀ ਹੋਈ ਵਸਤੂ ਦੇ ਰੂਪ ਵਿਚ ਆਕਰਸ਼ਿਤ ਚਮਕੀਲੇ ਪੈਕਿੰਗ ਵਿਚ ਪੇਸ ਕਰਦੇ ਹਨ ਤਾਂ ਭੀ ਉਹ ਵਿਸ਼ ਤਾ ਵਿਸ਼ ਹੀ ਹੈ,ਕਦੇ ਵੀ ਅੰਮ੍ਰਿਤ ਨਹੀਂ ਬਣ ਜਾਂਦਾ। ਇਹ ਹੀ ਗੁਰਦੇਵ ਜੀ ਦੀ ਸਮਸਤ ਮਨੁੰਖਤਾ ਨੂੰ ਚੇਤਾਵਨੀ ਹੈ। ਇਸ ਲਈ ਤੁਸੀ ਕਦੇ ਵੀ ਭਰਮ ਵਿਚ ਨਹੀਂ ਪੈਣਾ।

ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਜੀ ਦਾ ਇੱਕ ਵਿਸ਼ੇਸ਼ ਆਦੇਸ਼ ਸਮੁੱਚੇ ਮਾਨਵ ਸਮਾਜ ਲਈ ਹੈ ਕਿ ਸ਼ਰਾਬ ਦਾ ਸੇਵਨ ਨਾ ਕਰੋ। ਇਸ ਦੇ ਸੇਵਨ ਨਾਲ ਮਨੁੱਖ,ਮਨੁੱਖ ਨਹੀ ਰਹਿੰਦਾ ਸਗੋਂ ਸੈਤਾਨ ਦਾ ਰੂਪ ਧਾਰਨ ਕਰਕੇ ਹੁਲੜ ਬਾਜ਼ੀ ਕਰਦਾ ਹੈ। ਜਿਸ ਨਾਲ ਸਭਿੱਅਕ ਸਮਾਜ ਦੁਖੀ ਹੁੰਦਾ ਹੈ। ਇਸ ਪ੍ਰਕਾਰ ਭ੍ਰਿਸਟਾਚਾਰ, ਸ਼ੋਸ਼ਣ ਅਤੇ ਬਲਾਤਕਾਰ ਆਦਿ ਬੁਰਾਈਆਂ ਵਧਦੀਆਂ ਹਨ। ਮਦਹੋਸ਼ ਮਨੁੱਖ ਦੇ ਸਾਰੇ ਕੰਮ ਪਾਗਲਾਂ ਵਰਗੇ ਹੁੰਦੇ ਹਨ। ਉਹ ਆਪਣੇ ਮੂਲ ਮਕਸ਼ਦ ਤੋਂ ਭਟਕ ਜਾਂਦਾ ਹੈ। ਇਸ ਤਰ੍ਹਾਂ ਉਹ ਪ੍ਰਮਾਤਮਾ ਦੇ ਨੇੜੇ ਹੋਣ ਦੀ ਬਜਾਇ ਉਸ ਤੋਂ ਦੂਰ ਹੋ ਜਾਂਦਾ ਹੈ ।

**ਗੁਰੂ ਗ੍ਰੰਥ ਸਾਹਿਬ ਜੀ ਦਾ ਹੇਠ ਲਿਖਿਆ ਆਦੇਸ ਹੈ :-**

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨਾ ਪੀਚਈ ਜੇ ਕਾ ਪਾਰਿਵਸਾਇ ॥
(ਮਹਲਾ 3,ਰਾਗ ਵਿਹਾਗੜਾ) ਪੰਨਾ 554

ਖਾਲਸਾ ਅਕਾਲ ਪੁਰਖ ਕੀ ਫੌਜ ॥
ਪਰਗਟਿਓ ਖਾਲਸਾ ਪਰਮਾਤਮ ਕੀ ਮੌਜ਼॥

**ਨੋਟ ;-** ਜੇਕਰ ਕੋਈ ਸੱਜਣ ਇਸ ਪੁਸਤਿਕਾ ਨੂੰ ਮੁੜ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਮੁਫਤ ਵੰਡਣ ਦੀ ਸੇਵਾ ਕਰਵਾ ਸਕਦਾ ਹੈ ।


**ਲੇਖਕ- ਜਸਬੀਰ ਸਿੰਘ**
**ਫੋਨ: 0172- 2696891 ਮੋਬਾਈਲ: 99881-60484**


**ਆਪ ਜੀ ਦਾ ਸ਼ੁਭ ਚਿੰਤਕ**
**ਲੇਖਕ-ਜਸਵੀਰ ਸਿੰਘ**

**ਸਮਾਪ੍ਤ**

निम्नलिखित वेबसाइट में दस गुरूजनों का सम्पूर्ण जीवन वृत्तांत विस्तृत रूप में अवश्य देखें तथा पढ़ें।

# www.sikhworld.info
# or
# www.sikhhistory.in

E-mail : info@sikhworld.info
&
jasbirsikhworldinfo@gmail.com

ਉਪਰੋਕਤ ਵੇਬ ਸਾਇਟ ਵਿੱਚ ਦਸ ਗੁਰੂਸਾਹਿਬਾਂਨ ਦਾ ਸੰਪੂਰਨ ਜੀਵਨ ਬਿਊਰਾ ਵਿਸਤਾਰ ਸਹਿਤ ਜ਼ਰੂਰ ਦੇਖੋ ਅਤੇ ਪੜੋ ਜੀ।

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

-ਇਸ ਵੈਬ ਸਾਈਟ ਦੀ ਵਿਸ਼ੇਸ਼ਤਾ

ਇਸ ਵਿਚ ਹੈ ਇਕ ਵਿਸਾਲ ਸਿੱਖ ਸੰਗ੍ਰਹਾਲਯ (Museum)
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਵ੍ਰਿਤਾਤਾਂ ਨਾਲ ਸਮਬੰਦਿਤ ਘਟਨਾ ਕਰਮ ਦੀਆਂ ਤਸਵੀਰਾਂ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤਕ ਕਾਲਪਨਿਕ ਤਸਵੀਰਾਂ ਜੋ ਇਤਿਹਾਸ ਦ੍ਰਸਾਂਆਉਦੀਆਂ ਹਨ ਅਤੇ ਉਨ੍ਹਾਂ ਹੇਠ ਹਨ ਹਿੰਦੀ, ਪੰਜਾਬੀ ਵਿਚ ਟਿਪਣੀਆਂ (ਫੁਟਨੋਟ) ਜੋਕਿ ਘਟਨਾਂ ਕਰਮ ਅਤੇ ਇਤਿਹਾਸਿਕ ਪਰਸੰਗਾਂ ਦਾ ਵਰਣਨ ਕਰਿਦਿਆਂ ਹਨ।

ਨੋਟ :- ਇਹ ਕਮ ਬੰਚਿਆਂ ਦੀ ਰੁਚੀ ਨੂੰ ਮੁਖ ਰਖਦੇ ਕੀਤਾ ਗਿਆ ਹੈ। ਤਾਕਿ ਉਹ ਸਹਿਜੇ ਹੀ ਅਪਣਾ ਇਤਿਹਾਸ ਜਾਣ ਸਕਣ। ਮੈਂਨੂੰ ਉਮਿਦ ਹੈ ਕਿ ਸਿੱਖ ਜਗਤ ਦੇ ਕਿਸ਼ੋਰ ਅਤੇ ਯੁਵਕ ਇਸ ਵਿਧਿ ਤੋਂ ਲਾਭ ਉਠਾਉਣਗੇ। ਕਿਉਂਕਿ ਇਸ ਵਿਧਿ ਵਿਚ ਅੱਧੀ ਗਲ ਤਸਵੀਰਾਂ ਕਹਿੰਦੀਆਂ ਹਨ ਅਤੇ ਅੱਧੀ ਗਲ ਫੁਟ ਨੋਟ। ਇਸ ਤਰ੍ਹਾਂ ਪਠਕਾਂ ਦੇ ਮਨ ਵਿਚ ਅਪਣੇ ਇਤਿਹਾਸ ਨੂੰ ਪੜਨ ਲਈ ਇੱਛਾ ਜਾਗਰਿਤ ਹੋ ਜਾਂਦੀ ਹੈ।

ਹੁਣ ਤੁਸੀ ਇਸ ਤੋਂ ਅਗੇ ਸਤਾਰਵੀਂ, ਅਠਾਹਰਵੀਂ ਅਤੇ ਉਨੰਵੀਂ ਸੱਦੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਫੁਟ ਨੋਟ ਸਹਿਤ ਵੇਖੋਗੇ। ਇਸ ਦੇ ਨਾਲ ਹੀ ਸਿੱਖ ਮਾਹਾਪੁਰਖਾਂ ਦੇ ਚਿਤਰ ਅਤੇ ਬੁਧੀ ਜੀਵੀਆਂ ਦੇ ਚਿੱਤਰ ਅਤੇ ਟਿਪੜਿਆਂ ਪੜ੍ਹ ਸਕੋਗੇ।

ਕ੍ਰਿਪਾ ਕਰਕੇ ਆਪ ਜੀ ਸਿੱਖ ਮਿਅਉਜਿਯਮ ਤੇ ਜ਼ਰੂਰੀ ਕਿਲੀਕ ਕਰੋਜੀ।

ਨੋਟ:-

1. ਜੇਕਰ ਕੋਈ ਇਸ ਨੂੰ ਦੂਬਾਰਾ ਪ੍ਰਕਾਸ਼ਿਤ ਕਰਵਾਣਾ ਚਾਹੇ ਤਾਂ ਉਹ ਇਸ ਨੂੰ ਮੁਫ਼ਤ ਵੰਡ ਸਕਦਾ ਹੈ।
2. यदि कोई इसे पुनः प्रकाशित करवाना चाहे तो वह निःशुल्क बटवा सकता है।

**Download Free**